# ਯਿਸੂ ਸਾਡਾ ਸੱਚਾ ਮਿੱਤਰ ਹੈ
# ਘਰਾਂ ਵਿੱਚ ਜਾਣ ਬਾਰੇ ਬੱਚਿਆਂ ਨੂੰ ਸਿਖਾਓ

ਇਨ੍ਹਾਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋਂ ਕੋਈ ਚੁਣੋ।

ਵੱਡਾ ਬੱਚਾ ਜਾਂ ਸਿੱਖਿਅਕ : ਯਿਸੂ ਅਤੇ ਉਸਦੇ ਮਿੱਤਰ ਲਾਜ਼ਰ ਬਾਰੇ ਕਹਾਣੀ ਪੜ੍ਹੋ ਜਾਂ ਦੱਸੋ (ਯੂਹੰਨਾ **11:1-44**)। ਇਹ ਦੱਸਦੀ ਹੈ ਕਿ ਕਿਵੇਂ ਯਿਸੂ ਲੋਕਾਂ ਦੇ ਘਰਾਂ ਵਿੱਚ ਗਿਆ। ਉਸਨੇ ਆਪਣੇ ਮਿੱਤਰਾਂ ਨੂੰ ਪਿਆਰ ਕੀਤਾ ਅਤੇ ਉਨ੍ਹਾਂ ਨੂੰ ਨਵਾਂ ਜੀਵਨ ਦਿੱਤਾ। ਚਿੱਤਰ ਬਣਾਓ। ਬੱਚਿਆਂ ਨੂੰ ਇਸ ਚਿੱਤਰ ਦੀ ਨਕਲ ਕਰਨ ਦਿਓ ਜਾਂ ਇਸ ਵਿੱਚ ਰੰਗ ਭਰਨ ਦਿਓ।



ਕਹਾਣੀ ਦੱਸਣ ਤੋਂ ਬਾਅਦ, ਪ੍ਰਸ਼ਨ ਪੁੱਛੋ। ਉੱਤਰ ਦੀ ਜੇਕਰ ਲੋੜ ਹੈ ਤਾਂ ਹਰ ਪ੍ਰਸ਼ਨ ਦੇ ਅੱਗੇ ਦਿੱਤਾ ਗਿਆ ਹੈ।

1. ਯਿਸੂ ਨੇ ਆਪਣੇ ਬਿਮਾਰ ਮਿੱਤਰ ਨੂੰ ਮਿਲਣ ਜਾਣ ਤੋਂ ਪਹਿਲਾਂ, ਦੋ ਦਿਨ ਕਿਉਂ ਇੰਤਜਾਰ ਕੀਤਾ? (*ਆਇਤ 4 ਵੇਖੋ*)
2. ਯਿਸੂ ਨੇ ਕਿਉਂ ਕਿਹਾ ਕਿ ਲਾਜ਼ਰ ਸੁੱਤਾ ਹੈ, ਜਦ ਕਿ ਉਹ ਮਰ ਚੁੱਕਾ ਸੀ? (*ਕਿਉਂਕਿ ਲਾਜ਼ਰ ਮਰਿਆ ਹੀ ਨਹੀਂ ਰਹਿਣ ਵਾਲਾ ਸੀ। ਆਇਤ 4 ਵੇਖੋ* )
3. ਯਿਸੂ ਨੇ ਜਦੋਂ ਕਬਰ ਵੇਖੀ ਤਾਂ ਕੀ ਕੀਤਾ? (*ਆਇਤ 35 ਵੇਖੋ* )
4. ਯਿਸੂ ਵਿੱਚ ਵਿਸ਼ਵਾਸੀਆਂ ਨੂੰ ਕੀ ਹੁੰਦਾ ਹੈ, ਜਦੋਂ ਉਹ ਮਰਦੇ ਹਨ? (*ਆਇਤ 25 ਵੇਖੋ* )
5. ਜਦੋਂ ਲਾਜ਼ਰ ਕਬਰ ਵਿੱਚੋਂ ਬਾਹਰ ਆਇਆ ਤਾਂ ਉਸਨੇ ਕੀ ਪਹਿਨਿਆ ਹੋਇਆ ਸੀ? (*ਆਇਤ 44 ਵੇਖੋ* )

ਕਹਾਣੀ ਦੇ ਭਾਗਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ। ਮੰਡਲੀ ਵਿੱਚ ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ, ਬੱਚਿਆਂ ਲਈ ਇਹ ਛੋਟਾ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।

- ਇਸਦੀ ਤਿਆਰੀ ਕਰਨ ਲਈ ਬੱਚਿਆਂ ਨਾਲ ਆਪਣੇ ਸਮੇਂ ਦਾ ਪ੍ਰਯੋਗ ਕਰੋ।
- ਤੁਹਾਨੂੰ ਕਹਾਣੀ ਦੇ ਸਾਰੇ ਭਾਗਾਂ ਦਾ ਪ੍ਰਯੋਗ ਕਰਨ ਦੀ ਲੋੜ ਨਹੀਂ ਹੈ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਮਦਦ ਕਰਨ ਦਿਓ।

ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਹੇਠ ਲਿਖੇ ਕਿਰਦਾਰ ਅਦਾ ਕਰਨ ਦਿਓ:

ਕਥਾਵਾਚਕ। ਕਹਾਣੀ ਦਾ ਖੁਲਾਸਾ ਕਰੇ ਅਤੇ ਬੱਚਿਆਂ ਨੇ ਜੋ ਕਹਿਣਾ ਅਤੇ ਕਰਨਾ ਹੈ, ਯਾਦ ਕਰਨ ਵਿੱਚ ਮਦਦ ਕਰੇ।
ਯਿਸੂ
ਮਰਿਯਮ
ਮਾਰਥਾ। ਲਾਜ਼ਰ ਨੂੰ ਲਵੇਟਣ ਲਈ ਕੱਪੜਾ ਲਵੇ ਅਤੇ ਕਬਰ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਮੇਜ਼ ਰੱਖੇ।

ਛੋਟੇ ਬੱਚਿਆਂ ਨੂੰ ਇਹ ਕਿਰਦਾਰ ਅਦਾ ਕਰਨ ਦਿਓ:
ਚੇਲੇ
ਥੋਮਾ
ਸੰਦੇਸ਼ਵਾਹਕ
ਲਾਜ਼ਰ
ਕਬਰ ਤੇ ਲੋਕ

## ਪਹਿਲਾ ਭਾਗ

**ਕਥਾਵਾਚਕ** : ਯੂਹੰਨਾ 11:1-16 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਦੱਸੇ। ਫਿਰ ਕਹੇ, ''ਸੁਣੋ ਲਾਜ਼ਰ ਕੀ ਕਹਿੰਦਾ ਹੈ।''

**ਲਾਜ਼ਰ** : ''ਮੈਂ ਬਹੁਤ ਬਿਮਾਰ ਮਹਿਸੂਸ ਕਰ ਰਿਹਾ ਹਾਂ। ਮੈਨੂੰ ਲੱਗਦਾ ਹੈ ਮੈਂ ਮਰ ਜਾਵਾਂਗਾ।''

**ਮਾਰਥਾ** : ''ਸੰਦੇਸ਼ਵਾਹਕ! ਛੇਤੀ ਜਾ ਕੇ ਯਿਸੂ ਨੂੰ ਆਉਣ ਅਤੇ ਉਸਦੇ ਮਿੱਤਰ ਨੂੰ ਚੰਗਾ ਕਰਨ ਲਈ ਕਹੇ।''

**ਸੰਦੇਸ਼ਵਾਹਕ** : ਯਿਸੂ ਵੱਲ ਭੱਜੇ ਅਤੇ ਕਹੇ, ''ਯਿਸੂ, ਛੇਤੀ ਆ! ਤੇਰਾ ਮਿੱਤਰ ਲਾਜ਼ਰ ਮਰਨ ਵਾਲਾ ਹੈ।''

**ਯਿਸੂ** : ''ਇਹ ਬਿਮਾਰੀ ਮੌਤ ਦੀ ਨਹੀਂ। ਮੈਂ ਕੁਝ ਦਿਨ ਇੰਤਜਾਰ ਕਰਾਂਗਾ, ਤਾਂ ਕਿ ਪਰਮੇਸ਼ੁਰ ਦੀ ਵਡਿਆਈ ਹੋਵੇ।'' (ਬੈਠ)

**ਕਥਾਵਾਚਕ** : ''ਕੁਝ ਦਿਨ ਬੀਤ ਗਏ।''

**ਯਿਸੂ** : ਖੜਾ ਹੋਵੇ ਅਤੇ ਕਹੇ, ''ਹੁਣ ਜਾਣ ਦਾ ਸਮਾਂ ਹੈ।''

**ਚੇਲੇ** : ''ਯਿਸੂ, ਤੈਨੂੰ ਲਾਜ਼ਰ ਦੇ ਘਰ ਨਹੀਂ ਜਾਣਾ ਚਾਹੀਦਾ!'' ਯਹੂਦੀ ਲੋਕ ਤੈਨੂੰ ਮਾਰਨਾ ਚਾਹੁੰਦੇ ਹਨ!''

**ਯਿਸੂ** : ''ਲਾਜ਼ਰ ਸੁੱਤਾ ਹੈ। ਅਸੀਂ ਉਸਨੂੰ ਜਗਾਵਾਂਗੇ।'' ਉੱਧਰ ਨੂੰ ਤੁਰ ਪਵੇ ਜਿੱਥੇ ਲਾਜ਼ਰ ਹੈ।''

**ਥੋਮਾ** : ''ਆਓ ਚੱਲੀਏ ਅਤੇ ਯਿਸੂ ਦੇ ਨਾਲ ਹੀ ਮਰੀਏ।''

## ਦੂਜਾ ਭਾਗ

**ਕਥਾਵਾਚਕ** : ਯੂਹੰਨਾ 11:17-28 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੇ। ਫਿਰ ਕਹੇ, ''ਸੁਣੋ ਮਾਰਥਾ ਕੀ ਕਹਿੰਦੀ ਹੈ।''

**ਮਾਰਥਾ** : ਰੋਵੇ ਅਤੇ ਲਾਜ਼ਰ ਨੂੰ ਕੱਪੜੇ ਵਿੱਚ ਲਵੇਟੇ। ਫਿਰ ਉਸਨੂੰ ਮੇਜ਼ ਹੇਠਾਂ ਫਰਸ਼ ਤੇ ਲੰਮੇ ਪਾਵੇ। ਫਿਰ ਯਿਸੂ ਵੱਲ ਧਿਆਨ ਕਰੇ। ਉਸ ਕੋਲ ਜਾਵੇ ਅਤੇ ਕਹੇ, ''ਪ੍ਰਭੂ, ਲਾਜ਼ਰ ਨੂੰ ਮਰੇ ਚਾਰ ਦਿਨ ਹੋ ਗਏ ਹਨ। ਜੇਕਰ ਤੂੰ ਇੱਥੇ ਹੁੰਦਾ, ਲਾਜ਼ਰ ਨਾ ਮਰਦਾ।''

**ਯਿਸੂ** : ''ਤੇਰਾ ਭਰਾ ਜੀ ਉੱਠੇਗਾ। ਕੀ ਤੂੰ ਜਾਣਦੀ ਹੈ, ਕਿਆਮਤ ਅਤੇ ਜੀਉਣ ਮੈਂ ਹਾਂ?''

**ਮਾਰਥਾ** : ''ਹਾਂ, ਮੈਂ ਇਹ ਜਾਣਦੀ ਹਾਂ।''

## ਤੀਜਾ ਭਾਗ

**ਕਥਾਵਾਚਕ** : ਯੂਹੰਨਾ 11:29-44 ਵਿੱਚੋਂ ਕਹਾਣੀ ਦਾ ਤੀਜ਼ਾ ਭਾਗ ਦੱਸੇ। ਫਿਰ ਕਹੇ, ''ਸੁਣੋ ਯਿਸੂ ਕੀ ਕਹਿੰਦਾ ਹੈ।''

**ਯਿਸੂ** : ''ਮਰਿਯਮ ਕਿੱਥੇ ਹੈ?''

**ਮਰਿਯਮ** : ਭੱਜੀ ਭੱਜੀ ਆਵੇ ਅਤੇ ਕਹੇ, ''ਯਿਸੂ, ਤੂੰ ਮੇਰੇ ਭਰਾ ਨੂੰ ਕਿਉਂ ਮਰਨ ਦਿੱਤਾ?''

**ਯਿਸੂ** : ''ਮੈਨੂੰ ਬਹੁਤ ਦੁੱਖ ਹੈ, ਮੈਨੂੰ ਕਬਰ ਵਿਖਾ।''

**ਮਰਿਯਮ** : ਯਿਸੂ ਨੂੰ ਕਬਰ ਵਿਖਾਵੇ ਜਿੱਥੇ ਲਾਜ਼ਰ ਲੇਟਿਆ ਹੈ।

**ਯਿਸੂ** : ਜ਼ਮੀਨ ਤੇ ਲੇਟੇ ਲਾਜ਼ਰ ਵੱਲ ਵੇਖੇ। ਫਿਰ ਰੋਵੇ ਅਤੇ ਤੁਹਾਡੀਆਂ ਅੱਖਾਂ ਵਿੱਚੋਂ ਹੰਝੂ ਪੂੰਝੇ।

**ਕਬਰ ਤੇ ਲੋਕ** : ''ਵੇਖੋ ਯਿਸੂ ਉਸਨੂੰ ਕਿੰਨਾ ਪਿਆਰ ਕਰਦਾ ਸੀ।'' ''ਹਾਂ, ਯਿਸੂ ਆਪਣੇ ਮਿੱਤਰ ਲਾਜ਼ਰ ਦੇ ਘਰ ਬਹੁਤ ਵਾਰ ਆਇਆ ਸੀ।''

**ਯਿਸੂ** : ਜ਼ੋਰ ਨਾਲ ਕਹੇ, ''ਲਾਜ਼ਰ, ਬਾਹਰ ਆ''?

**ਲਾਜ਼ਰ** : ਕੱਪੜਿਆਂ ਵਿੱਚ ਲਵੇਟਿਆ, ਖੜਾ ਹੋਵੇ।

**ਯਿਸੂ** : ''ਉਸ ਤੋਂ ਖੱਫਣ ਨੂੰ ਲਾਹਵੇ ਅਤੇ ਉਸ ਨੂੰ ਜਾਣ ਦੇਵੇ!''

**ਕਬਰ ਤੇ ਲੋਕ** : ''ਲਾਜ਼ਰ ਤੋਂ ਕੱਪੜੇ ਲਾਹੁਣ!'' ਫਿਰ ਕਹਿਣ, ''ਵੇਖੋ, ਉਸਨੇ ਮੁਰਦੇ ਨੂੰ ਜਿਵਾਲਿਆ ਹੈ!'' ''ਇਹ ਯਿਸੂ ਕੌਣ ਹੈ?''

**ਕਥਾਵਾਚਕ ਜਾਂ ਵੱਡਾ ਬੱਚਾ** : ਦੱਸੇ ਕਿ ਨਾਟਕ ਖ਼ਤਮ ਹੋ ਚੁੱਕਾ ਹੈ ਅਤੇ ਉਨ੍ਹਾਂ ਲੋਕਾਂ ਦਾ ਧੰਨਵਾਦ ਕਰੇ, ਜਿਨ੍ਹਾਂ ਮਦਦ ਕੀਤੀ ਹੈ।

## ਬਾਅਦ ਵਿੱਚ

**ਪ੍ਰਸ਼ਨ ਪੁੱਛੋ :** ਜੇਕਰ ਬੱਚੇ ਇਸ ਕਹਾਣੀ ਨੂੰ ਬਾਲਗਾਂ ਲਈ ਨਾਟਕ ਦੇ ਰੂਪ ਵਿੱਚ ਪੇਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਬਾਲਗਾਂ ਕੋਲੋਂ ਉਹੋ ਪ੍ਰਸ਼ਨ ਪੁੱਛਣ ਦਿਓ, ਜਿਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ।

**ਵਿਚਾਰ ਵਿਮਰਸ਼ ਕਰੋ :** "ਹੋਰ ਕਿਹੜੀਆਂ ਉਦਾਹਰਣਾਂ ਹਨ, ਜਿਨ੍ਹਾਂ ਨਾਲ ਅਸੀਂ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਦੀ ਸੇਵਾ ਕਰੀਏ?" (ਬਾਲਗਾਂ ਜਾਂ ਬੱਚਿਆਂ ਨੂੰ ਉਦਾਹਰਣਾ ਦੇਣ ਦਿਓ।)

**ਚਿੱਤਰ :** ਬੱਚਿਆਂ ਦੇ ਨਕਲ ਕਰਨ ਲਈ ਇੱਕ ਮੇਜ਼ ਦਾ ਚਿੱਤਰ ਬਣਾਓ, ਜਿਸ ਤੇ ਭੋਜਨ ਰੱਖਿਆ ਹੋਵੇ।



- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਮਦਦ ਕਰਨ ਦਿਓ।
- ਉਨ੍ਹਾਂ ਨੂੰ ਅਰਾਧਨਾ ਸਮੇਂ ਵਿੱਚ, ਬਾਲਗਾਂ ਨੂੰ ਜਾਂ ਘਰ ਵਿੱਚ ਆਪਣੇ ਮਾਤਾ-ਪਿਤਾ ਨੂੰ ਉਹ ਚਿੱਤਰ ਵਿਖਾਉਣ ਦਿਓ।
- ਉਨ੍ਹਾਂ ਨੂੰ ਸਮਝਾਉਣ ਦਿਓ ਕਿ ਮੇਜ਼ ਜਿਸ ਤੇ ਭੋਜਨ ਰੱਖਿਆ ਹੋਇਆ ਹੈ, ਇਸ ਗੱਲ ਦੀ ਉਦਾਹਰਣ ਹੈ ਕਿ ਕਿਵੇਂ ਯਿਸੂ ਸਾਨੂੰ ਨਵਾਂ ਜੀਵਨ ਦੇਣ ਲਈ ਸਾਡੇ ਘਰਾਂ ਵਿੱਚ ਆਉਂਦਾ ਹੈ। ਅਸੀਂ ਦੂਜਿਆਂ ਦੇ ਘਰਾਂ ਵਿੱਚ ਉਨ੍ਹਾਂ ਨੂੰ ਉਸ ਬਾਰੇ ਦੱਸਣ ਲਈ ਜਾਂਦੇ ਹਾਂ।
- ਹੇਠਾਂ ਦਿੱਤੀ ਗਈ ਯਾਦ ਕਰਨ ਵਾਲੀ ਆਇਤ ਵਿੱਚੋਂ, ਉਨ੍ਹਾਂ ਨੂੰ ਯਿਸੂ ਦੇ ਸਾਡੇ ਦਿਲਾਂ ਦੇ ਬੂਹੇ ਤੇ ਖੜੇ ਹੋਣ ਬਾਰੇ ਸਮਝਾਉਣ ਦਿਓ।

**ਯਾਦ ਕਰੋ :** ਪਰਕਾਸ਼ ਦੀ ਪੋਥੀ 3:20

**ਕਵਿਤਾ :** ਜ਼ਬੂਰ 145:15, 16 ਅਤੇ 18 ਆਇਤਾਂ ਨੂੰ, ਤਿੰਨ ਬੱਚਿਆਂ ਨੂੰ ਇੱਕ ਇੱਕ ਆਇਤ ਪੜ੍ਹਨ ਦਿਓ।

**ਪ੍ਰਾਰਥਨਾ :** "ਪ੍ਰਭੂ, ਤੂੰ ਉਨ੍ਹਾਂ ਲੋਕਾਂ ਲਈ ਅਨੋਖੇ ਕੰਮ ਕਰਦਾ ਹੈਂ, ਜੋ ਤੇਰੇ ਤੇ ਵਿਸ਼ਵਾਸ ਕਰਦੇ ਹਨ। ਤੂੰ ਸਾਡੇ ਨਾਲ ਰਹਿੰਦਾ ਹੈ ਅਤੇ ਸਾਨੂੰ ਨਵਾਂ ਜੀਵਨ ਦੇਂਦਾ ਹੈਂ। ਜਦੋਂ ਅਸੀਂ ਮਰਾਂਗੇ, ਤੂੰ ਸਾਨੂੰ ਹਮੇਸ਼ਾ ਲਈ ਜਿੱਥੇ ਤੂੰ ਰਹਿੰਦਾ ਹੈ ਆਪਣੇ ਨਾਲ ਰਹਿਣ ਲਈ ਜਿੰਦਾ ਕਰੇਂਗਾ। ਸਾਨੂੰ ਦੂਜਿਆਂ ਕੋਲ ਜਾ ਕੇ, ਉਨ੍ਹਾਂ ਦੀ ਸੇਵਾ ਕਰਨ ਦੁਆਰਾ, ਸਾਨੂੰ ਧੰਨਵਾਦ ਵਿਖਾਉਣ ਵਿੱਚ ਮਦਦ ਕਰ।

Copyright 2003 by Paul-Timothy. Download Paul-Timothy studies freely from www.Paul-Timothy.net.